ਨੰ:4ਐਮਈ2-ਪੰ:-2015/ 1815-1872 ਮਿਤੀ, ਚੰਡੀਗੜ੍ਹ:- 21-5-2015

ਵੱਲੋਂ:

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ,

1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.), ਪੰਜਾਬ, ਚੰਡੀਗੜ੍ਹ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਫਰੀਦਕੋਟ।
5) ਪ੍ਰਿੰਸੀਪਲ, ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ/ ਅੰਮ੍ਰਿਤਸਰ।
6) ਪੰਜਾਬ ਰਾਜ ਦੇ ਸਾਰੇ ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲਾਂ ਨੂੰ।
7) ਪੰਜਾਬ ਰਾਜ ਦੇ ਸਿਵਲ ਸਰਜਨਾਂ ਨੂੰ।
8) ਇਸ ਦਫਤਰ ਦੇ ਅਧੀਨ ਕੰਮ ਕਰਦੀਆਂ ਸੰਸਥਾਵਾਂ ਦੇ ਮੁੱਖੀਆਂ ਨੂੰ।
9) ਪ੍ਰਿੰਸੀਪਲ, ਮੈਡੀਕਲ ਅਫਸਰ ਨੰਗਲ/ਤਲਵਾੜਾ/ਸੁੰਦਰ ਨਗਰ ਅਤੇ ਚੰਡੀਗੜ੍ਹ।
10) ਕੈਮੀਕਲ ਐਗਜਾਮੀਨਰ, ਪੰਜਾਬ, ਪਟਿਆਲਾ।
11) ਮੈਡੀਕਲ ਸੁਪਰਡੰਟ, ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ/ਜਲੰਧਰ/ਲੁਧਿਆਣਾ/ ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ।
12) ਪ੍ਰਿੰਸੀਪਲ, ਫੈਮਿਲੀ ਪਲਾਨਿੰਗ ਸੈਂਟਰ, ਖਰੜ।
13) ਸਾਰੇ ਸੀਨੀਅਰ ਮੈਡੀਕਲ ਅਫਸਰ ਆਫ ਸਟੇਟ ਆਫ ਪੰਜਾਬ।
14) ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ/ਜੀ.ਜੀ.ਐਸ.ਹਸਪਤਾਲ, ਫਰੀਦਕੋਟ।
15) ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ.ਹਸਪਤਾਲ, ਪਟਿਆਲਾ/ ਟੀ.ਬੀ.ਸੈਨਾਟੋਰੀਅਮ, ਅੰਮ੍ਰਿਤਸਰ।

*ਵਿਸ਼ਾ:-* *ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਸਹਾਇਕ ਪ੍ਰੋਫੈਸਰ ਅਤੇ ਟਿਊਟਰ ਦੀਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਬਾਰੇ।*

****

ਉਪਰੋਕਤ ਵਿਸ਼ੇ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਨਾਲ ਨੱਥੀ **Annexure:I** ਵਿੱਚ ਦਰਸਾਏ ਵਿਭਾਗਾਂ ਵਿੱਚ (*ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਸਹਾਇਕ ਪ੍ਰੋਫੈਸਰ ਅਤੇ ਟਿਊਟਰ ਦੀਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਦੀ ਤਜਵੀਜ ਹੈ।* ਇਹਨਾਂ ਆਸਾਮੀਆਂ ਦੀ ਗਿਣਤੀ ਘੱਟ/ਵੱਧ ਸਕਦੀ ਹੈ। ਇਹ ਆਸਾਮੀਆਂ ਪੰਜਾਬ ਸਰਕਾਰ ਦੇ ਸੇਵਾ ਕਰ ਰਹੇ ਨਰਸਿੰਗ ਅਮਲ਼ੇ ਵਿਚੋਂ , ਜੋ ਆਸਾਮੀ ਲਈ **Annexure:II** ਵਿੱਚ ਦਰਸਾਈ ਯੋਗਤਾ ਅਤੇ ਪੜ੍ਹਾਈ ਦਾ ਤਜਰਬਾ ਪੂਰਾ ਰੱਖਦੇ ਹਨ, ਪੰਜਾਬ ਨਰਸਿੰਗ ਐਜੂਕੇਸਨ ਸਰਵਿਸ (ਗਰੁੱਪ ਏ ) ਰੂਲਜ 2015 ਅਤੇ ਪੰਜਾਬ ਨਰਸਿੰਗ ਐਜੂਕੇਸਨ ਸਰਵਿਸ (ਗਰੁੱਪ ਬੀ ) ਰੂਲਜ 2015 ਦੇ ਡਰਾਫਟ ਰੂਲਾਂ ਦੇ ਆਧਾਰ ਤੇ ਰਖੀ ਗਈ ਹੈ, ਇਹਨਾਂ ਰੂਲਾਂ ਦੀ ਇਕ ਕਾਪੀ ਵਿਭਾਗ ਦੀ ਵੈਬ-ਸਾਇਟ www.punjabmedicaleducation.org ਤੇ ਉਪਲਬਧ ਹੈ। ਇਹ ਨਿਯੁਕਤੀਆਂ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ ਤਰੱਕੀ ਰਾਹੀਂ ਭਰੀਆਂ ਜਾਣਗੀਆਂ। ਜੇਕਰ ਨਿਰਧਾਰਤ ਵਿਦਿਅਕ ਯੋਗਤਾ ਵਾਲੀਆਂ ਕਰਮਚਾਰਣਾਂ ਨਹੀਂ ਮਿਲਦੀਆਂ ਹਨ ਤਾ ਇੰਨਡੀਅਨ ਨਰਸਿੰਗ ਕੌਸੰਲ, ਨਵੀਂ ਦਿੱਲੀ ਦੇ ਕਾਲਜ ਆਫ ਨਰਸਿੰਗ ਲਈ ਨਿਰਧਾਰਤ ਨਾਰਮ ਨੂੰ ਧਿਆਨ ਵਿਚ ਰਖ ਕੇ ਤਰੱਕੀਆਂ ਕੀਤੀਆਂ ਜਾਣਗੀਆਂ।

ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਨਰਸਿੰਗ ਸਟਾਫ ਨੂੰ ਸੂਚਿਤ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਸਬੰਧਤ ਪ੍ਰੋਫਾਰਮੇ **Annexure: III** ਤੇ ਅਰਜੀ ਸਬੰਧਤ ਕਰਮਚਾਰਨ ਤੋਂ ਸਾਫ ਸੁਥਰੀ ਲਿਖਤ ਵਿਚ ਭੇਜਣ ਦੀ ਹਦਾਇਤ ਕੀਤੀ ਜਾਵੇ। ਉਕਤ ਆਸਾਮੀਆਂ ਲਈ ਅਰਜੀਆਂ ਦੀ ਆਖਰੀ ਮਿਤੀ 17-6-2015 ਤੱਕ ਯੋਗ ਪ੍ਰਣਾਲੀ ਰਾਹੀਂ ਭੇਜ ਦਿੱਤੀਆਂ ਜਾਣ ਅਤੇ ਇੱਕ ਅਗੇਤੀ ਕਾਪੀ ਇਸ ਦਫਤਰ ਨੂੰ ਭੇਜ ਦਿੱਤੀ ਜਾਵੇ ਜੀ। ਜਿਹੜੀਆਂ ਅਰਜੀਆਂ

ਨਿਸਚਿਤ ਮਿਤੀ ਤੋਂ ਬਾਅਦ ਇਸ ਦਫਤਰ ਵਿੱਚ ਪ੍ਰਾਪਤ ਹੋਣਗੀਆਂ, ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਜਿਹੜੀਆਂ ਅਰਜੀਆਂ ਸਿੱਧੇ ਤੌਰ ਤੇ ਪ੍ਰਾਪਤ ਹੋਇਆ ਹਨ ਉਹਨਾਂ ਦੇ ਯੋਗ ਪ੍ਰਣਾਲੀ ਰਾਹੀਂ ਪ੍ਰਾਪਤ ਹੋਣ ਤੇ ਹੀ ਵਿਚਾਰੀਆ ਜਾਵੇਗਾ। ਸਬੰਧਤ ਕਰਮਚਾਰਨ ਦੀ ਪੜ੍ਹਾਈ/ਤਜਰਬਾ ਅਰਜੀਆਂ ਮੰਗੁਣ ਦੀ ਆਖਰੀ ਮਿਤੀ ਤੱਕ ਹੀ ਗਿਣਿਆ ਜਾਵੇਗਾ।

ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਉਕਤ ਵਿਗਿਆਪਨ ਆਪ ਜੀ ਦੇ ਅਧੀਨ ਕੰਮ ਕਰ ਰਹੇ ਸਾਰੇ ਨਰਸਿੰਗ ਸਟਾਫ ਨੂੰ ਭੇਜ ਦਿੱਤਾ ਗਿਆ ਹੈ, ਜਿਹੜੀਆਂ ਅਰਜੀਆਂ ਉਕਤ ਵਿਗਿਆਪਨ ਦੇ ਸਬੰਧ ਵਿੱਚ ਆਪ ਜੀ ਨੂੰ ਭੇਜੀਆਂ ਜਾਣ, ਉਹ ਤੁਰੰਤ ਏ.ਸੀ.ਆਰ. ਦੇ ਰਿਕਾਰਡ ਸਹਿਤ ਇਸ ਦਫਤਰ ਨੂੰ ਭੇਜ ਦਿੱਤੀਆਂ ਜਾਣ ਤਾਂ ਜੋ ਸਬੰਧਤ ਕਰਮਚਾਰਨ ਦੀਆਂ ਅਰਜੀਆਂ ਮਿਥੀ ਮਿਤੀ ਨੂੰ ਇਸ ਦਫਤਰ ਵਿਖੇ ਪੁੱਜ ਜਾਣ। ਅਧੂਰੀਆਂ ਅਰਜੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਇਸ ਵਿਰੁੱਧ ਕੋਈ ਦਲੀਲ ਨਹੀਂ ਸੁਣੀ ਜਾਵੇਗੀ। ਅਰਜੀਆਂ ਨਾਲ ਯੋਗਤਾ/ਤਜਰਬੇ ਬਾਰੇ ਸਰਟੀਫਿਕੇਟ ਦੀਆਂ ਕਾਪੀਆਂ (2 ਪੜ੍ਹਤਾਂ ਵਿੱਚ) ਤਸਦੀਕਸੁਦਾ ਹੋਣ।

ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਜਿਹੜੀ ਕਰਮਚਾਰਣਾਂ ਨੂੰ ਇਸ ਸਮੇਂ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਰੀ-ਡੇਜਿਗਨੇਟ ਕੀਤਾ ਗਿਆ ਹੈ, ਉਹਨਾਂ ਨੂੰ ਅਪਲਾਈ ਕਰਨ ਤੇ ਉਹਨਾਂ ਨੂੰ ਸਮੂਹ ਬਿਨੈਕਾਰਾਂ ਨਾਲ ਰੂਲਾਂ ਅਨੁਸਾਰ ਵਿਚਾਰਿਆ ਜਾਵੇਗਾ ਅਤੇ ਨਾ ਅਪਲਾਈ ਕਰਨ ਤੇ ਉਹਨਾਂ ਦਾ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਤੈਨਾਤੀ ਦਾ ਕੋਈ ਅਧਿਕਾਰ ਨਹੀਂ ਹੋਵੇਗਾ ਅਤੇ ਉਹਨਾਂ ਦੀ ਸੀਨੀਆਰਤਾ ਉਹਨਾਂ ਦੇ ਮੂਲ ਕਾਡਰ ਵਿਚ ਪਿੱਤਰੀ ਵਿਭਾਗ, ਭਾਵ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ ਅਧੀਨ ਮੰਨੀ ਜਾਵੇਗੀ।

ਇਸ ਪੱਤਰ ਰਾਹੀਂ ਮੰਗੀ ਜਾ ਰਹੀ ਅਰਜੀਆਂ ਤੋ ਬਾਅਦ ਬਿਨੈਕਾਰਾਂ ਦੇ ਤਰੱਕੀ ਲਈ ਚੁਣੇ ਜਾਣ ਤੇ ਉਹਨਾਂ ਨੂੰ ਕਾਲਜ ਆਫ ਨਰਸਿੰਗ ਵਿਚ ਹਾਜਰ ਹੋਣ ਦੀ ਮਿਤੀ ਤੋਂ ਨਰਸਿੰਗ ਐਜੂਕੇਸਨ ਕਾਡਰ ਵਿਚ ਸੀਨੀਅਰਤਾ ਦਿੱਤੀ ਜਾਵੇਗੀ ਅਤੇ ਇਸ ਤੋਂ ਪਹਿਲਾਂ ਕੀਤੀ ਸੇਵਾ ਦੀ ਸੀਨੀਆਰਤਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

ਉਕਤ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

**ਪਿੱਠ ਅੰਕਣ ਨੰ:4 ਐਮ ਈ 2-ਪੰ:-2015/** ਮਿਤੀ, ਚੰਡੀਗੜ੍ਹ:-

ਉਤਾਰਾ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ (ਸਿਹਤ-3 ਸਾਖਾ), ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

## ਅਨੁਲੱਗ-III

## ਅਰਜੀ ਦਾ ਫਾਰਮ

ਅਰਜੀਆਂ ਪੁੱਜਣ ਦੀ ਆਖਰੀ ਮਿਤੀ ____________________________

ਅਰਜੀ, ਜਿਸ ਆਸਾਮੀ ਲਈ ਦਿੱਤੀ ਗਈ ਹੈ, ( ਟਿਊਟਰ, ਸਹਾਇਕ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਪ੍ਰੋਫੈਸਰ) ________

ਵਿਭਾਗ ਸਪੈਸਲਿਟੀ ਦਾ ਨਾਂ ____________

1. ਨਾਮ ਅਤੇ ਅਹੁੱਦਾ:- ______________________________________________

2. ਜਿੱਥੇ ਹੁਣ ਕੰਮ ਕਰ ਰਹੇ ਹਨ:- ______________________________________

3. ਨਿਯੁਕਤੀ ਦੀ ਮਿਤੀ:- ____________________________________

ੳ) ਤਦ-ਅਰਥ ਆਧਾਰ ਤੇ : -----------------------------

ਅ) ਰੈਗੂਲਰ ਆਧਾਰ ਤੇ : -----------------------------

ੲ) ਕੈਟਾਗਰੀ : - ਜਨਰਲ/ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ਹੋਰ

4. ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
( ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ )

| ਲੜੀ ਨੰ: | ਸਸਥਾਂ ਦਾ ਨਾਂ | ਅਹੁਦਾ (ਸਟਾਫ ਨਰਸ/ ਟਿਊਟਰ/ ਲੈਕਚਰਾਰ ਆਦਿ) | ਕਲਿਨੀਕਲ/ ਟੀਚਿੰਗ | ਮਿਤੀ ਤੋਂ | ਮਿਤੀ ਤਕ |
|---|---|---|---|---|---|
| | | | | | |
| | | | | | |
| | | | | | |
| | | | | | |

5. ਐਮ ਐਸ ਕਰਨ ਤੋਂ ਬਾਅਦ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
( ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ )

| ਲੜੀ ਨੰ: | ਸਸਥਾਂ ਦਾ ਨਾਂ | ਅਹੁਦਾ (ਸਟਾਫ ਨਰਸ/ ਟਿਊਟਰ/ ਲੈਕਚਰਾਰ ਆਦਿ) | ਕਲਿਨੀਕਲ/ ਟੀਚਿੰਗ | ਮਿਤੀ ਤੋਂ | ਮਿਤੀ ਤਕ |
|---|---|---|---|---|---|
| | | | | | |
| | | | | | |
| | | | | | |
| | | | | | |
| | | | | | |

6. ਮੈਟ੍ਰਿਕ ਦੇ ਸਰਟੀਫਿਕੇਟ ਤੇ ਦਰਸਾਈ ਜਨਮ ਮਿਤੀ:- ------------------------------------

7. ਇਹ ਤਸਦੀਕ ਕੀਤਾ ਜਾਵੇ ਕਿ ਤੁਸੀਂ ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆਂ ਜਾਂ ਇੰਡੀਅਨ ਆਰਮੀ ਕੋਰਸ ਤੇ ਰਲੀਵ ਹੋਏ ਅਫਸਰ ਹੋ, ਇਸ ਸਬੰਧੀ ਸਬੂਤ ਵਜੋਂ ਸਰਟੀਫਿਕੇਟ ਨੱਥੀ ਕੀਤਾ ਜਾਵੇ:- ----------------

8. ਪੜ੍ਹਾਈ ਦੀ ਯੋਗਤਾ:- ---------------------------------------------

9. ਪੋਸਟ ਗਰੈਜੂਏਟ ਕਰਨ ਦੀ ਮਿਤੀ ਸਪੈਸਲਿਟੀ ਅਤੇ ਟ੍ਰੇਨਿੰਗ ਦਾ ਸਮਾਂ ਦੱਸਿਆ ਜਾਵੇ:- (1) ਪਾਸ ਕਰਨ ਦੀ ਮਿਤੀ (2) ਕੋਰਸ ਦਾ ਸਮਾਂ (3) ਸਪੈਸਲਿਟੀ

10. ਵਿਭਾਗ ਜਿਸ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ, ਦੱਸਿਆ ਜਾਵੇ ਕਿ ਜੇ ਇੱਕ ਤੋਂ ਵੱਧ ਵਿਭਾਗਾਂ ਵਿੱਚ ਯੋਗਤਾ ਰੱਖਦੇ ਹੋ ਤਾਂ ਪਹਿਲ ਅਨੁਸਾਰ ਦੱਸੋ:- ------------------------------------------------

-------------------------------------------------------------------------------------------

11. ਜਗ੍ਹਾ ਜਿਹੜੇ ਮੈਡੀਕਲ ਕਾਲਜ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ:- ਪਟਿਆਲਾ ਜਾਂ ਅੰਮ੍ਰਿਤਸਰ

1. 2. ( ਤਰਜੀਹ ਅਨੁਸਾਰ)।

12. ਮੈਂ ਤਸਦੀਕ ਕਰਦੀ ਹਾਂ ਕਿ ਮੇਰੇ ਵਲੋਂ ਭਰੇ ਗਏ ਉਕਤ ਵੇਰਵੇ ਸਹੀ ਹਨ ਅਤੇ ਜੇਕਰ ਕੋਈ ਵੇਰਵੇ ਬਾਅਦ ਵਿਚ ਗਲਤ ਪਾਏ ਜਾਂਦੇ ਤਾਂ ਮੇਰੇ ਵਿਰੁੱਧ ਅਨੁਸਾਸਨੀ ਕਾਰਵਾਈ ਆਰੰਭੀ ਜਾਵੇ।

13. ਮੈਂ ਇਹ ਵੀ ਤਸਦੀਕ ਕਰਦੀ ਹਾਂ ਕਿ ਮੈਂ ਤਰੱਕੀ ਰਾਹੀਂ ਚੁੱਣੇ ਜਾਣ ਤੇ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਲਗਣਾ ਚਾਹੁੰਦੀ ਹਾਂ ਅਤੇ ਮੈਂ ਕਾਲਜ ਆਫ ਨਰਸਿੰਗ ਵਿਚ ਤਰੱਕੀ ਰਾਹੀਂ ਚੁਣੇ ਜਾਣ ਤੇ ਕਾਲਜ ਆਫ ਨਰਸਿੰਗ ਵਿਚ ਹਾਜਰ ਹੋਣ ਦੀ ਮਿਤੀ ਤੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਕੀਤੀ ਸੇਵਾ ਦੀ ਸੀਨੀਆਰਤਾ/ ਕਾਡਰ ਛੱਡਣ ਲਈ ਤਿਆਰ ਹਾਂ।

14. ਮੈਂ ਕਾਲਜ ਆਫ ਨਰਸਿੰਗ ਵਿਚ ਚੁਣੇ ਜਾਣ ਤੇ ਸਿਹਤ ਵਿਭਾਗ ਵਿਚ ਵਾਪਸ ਜਾਣ ਦੀ ਮੰਗ ਨਹੀਂ ਕਰਾਂਗੀ।

ਮਿਤੀ: ---------------

ਸਥਾਨ: --------------- ਉਮੀਦਵਾਰ ਦੇ ਹਸਤਾਖਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾਂ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸ਼ਿਕਾਇਤ/ਇੰਨਕੁਆਰੀ ਨਹੀਂ ਚੱਲ ਰਹੀ ਅਤੇ ਇਨ੍ਹਾਂ ਦਾ ਕੰਮ-ਕਾਜ ਤਸੱਲੀਬਖਸ਼ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾਂ ਰੱਖਦਾ ਹੈ।

ਕੰਟਰੋਲਿੰਗ ਅਫਸਰ

ਅਨੈਕਚਰ- 1

ਤਰੱਕੀ ਕੋਟੇ ਦੀਆਂ ਅਸਾਮੀਆਂ ਦੀ ਗਿਣਤੀ।

| ਲੜੀ ਨੰ: | ਵਿਭਾਗ ਦਾ ਨਾਮ | ਪ੍ਰੋਫੈਸਰ | ਐਸੋਸੀਏਟ ਪ੍ਰੋਫੈਸਰ | ਸਹਾਇਕ ਪ੍ਰੋਫੈਸਰ | ਟਿਊਟਰ |
|---|---|---|---|---|---|
| | | ਤਨਖਾਹ ਸਕੇਲ 15600-39100+ 7800 ਰੁ: | ਤਨਖਾਹ ਸਕੇਲ 15600-39100+ 6600 ਰੁ: | ਤਨਖਾਹ ਸਕੇਲ 15600-39100 + 5400 ਰੁ: | ਤਨਖਾਹ ਸਕੇਲ 10300-34800 + 4800 ਰੁ: |
| 1 | ਮੈਡੀਕਲ ਸਰਜੀਕਲ ਨਰਸਿੰਗ | 1 | 3 | 3 | 6 |
| 2 | ਕਮਿਉਨਿਟੀ ਹੈਲਥ ਨਰਸਿੰਗ | 1 | 3 | 3 | 6 |
| 3 | ਆਬਸਟ ਅਤੇ ਗਾਇਨੀ | 1 | 3 | 3 | 6 |
| 4 | ਬੱਚਾ ਨਰਸਿੰਗ | 1 | 3 | 3 | 6 |
| 5 | ਸਾਇਕੈਟਰੀ ਨਰਸਿੰਗ | 1 | 3 | 3 | 6 |

ਅਨੈਕਚਰ- 2

| S.No. | Designation of the post | Qualifications and Experience for appointment by promotion |
|---|---|---|
| (1) | **Professor** | As Associate Professor in the subject for four years in Government Nursing college of Amritsar and Patiala.<br>Ph.D. (N) will be desirable |
| (2) | **Associate Professor** | From amongst the Assistant Professor in the subject for five years in Government Nursing college of Amritsar and Patiala.<br>Ph.D. (N) will be desirable. |
| (3) | **Assistant Professor** | From amongst the Tutor having 3 years teaching experience with MSc (N). |
| (4) | **Tutor** | From amongst Nursing Cadre on basis of seniority regularly employed in the Deptt. of Health and Family Welfare/ Medical Education and Research having Master Degree in Nursing.<br>-Preference will be given to those having 1 year of Nursing teaching experience. |